AQA

Please write clearly in block capitals.

Centre number | | | | | |   Candidate number | | | | |

Surname ____________________

Forename(s) ____________________

Candidate signature ____________________
I declare this is my own work.

# GCSE PANJABI

# H

## Higher Tier Paper 3 Reading

Tuesday 3 June 2025 Afternoon Time allowed: 1 hour

**Materials**
You will need no other materials.

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do **not** write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**.
  In **Section B**, answer the questions in **Panjabi**.
  In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| **TOTAL** | |

Do not write outside the box

## Section A

Questions and answers in **English**

Answer **all** questions in the spaces provided.

**0 1** **The neighbours are like family**

Read this passage adapted from the short story *The neighbours are like family* by Professor Puran Singh.

Write **T** if the statement is **true**.

**F** if the statement is **false**.

**NT** if the statement is **not in the text**.

"ਪ੍ਰੋਫ਼ੈਸਰ ਪੂਰਨ ਸਿੰਘ ਜੀ, ਸਵੇਰੇ ਤੁਸੀਂ ਜਲਦੀ ਕਾਰ ਵਿੱਚ ਚਲੇ ਗਏ ਸੀ। ਮੈਂ ਬਾਹਰ ਨਿਕਲਿਆ ਪਰ ਥੋੜ੍ਹਾ ਲੇਟ ਸੀ। ਸੋਚਿਆ, ਸ਼ਾਮ ਨੂੰ ਗੱਲ ਕਰਾਂਗਾ। ਸਾਡਾ ਦੁੱਧ ਵਾਲਾ ਇਸ ਸੜਕ ਤੇ ਲੇਟ ਅਇਆ ਸੀ ਪਰ ਤੁਹਾਡਾ ਸਵੇਰੇ ਸਵੇਰੇ ਦੁੱਧ ਰੱਖ ਗਿਆ ਸੀ। ਸਾਡਾ ਦੁੱਧ ਖਤਮ ਹੋ ਗਿਆ ਸੀ ਅਤੇ ਸਵੇਰੇ ਬੱਚੇ ਲਈ ਦੁੱਧ ਦੀ ਲੋੜ ਸੀ। ਇਸ ਕਰਕੇ ਮੈਂ ਤੁਹਾਡੀ ਦੁੱਧ ਦੀ ਇੱਕ ਬੋਤਲ ਲੈ ਗਿਆ ਸੀ। ਛੁੱਟੀ ਵਾਲਾ ਦਿਨ ਹੋਣ ਕਰਕੇ ਮੈਂ ਤੁਹਾਡੇ ਪਰਿਵਾਰ ਨੂੰ ਸਵੇਰੇ ਜਗਾਉਣਾ ਚੰਗਾ ਨਹੀਂ ਸਮਝਿਆ। ਮੈਂ ਦੁੱਧ ਦੀ ਬੋਤਲ ਦੇ ਪੈਸੇ ਦੇ ਕੇ 'ਗੁਆਂਢ' ਦਾ ਰਿਸ਼ਤਾ ਖਰਾਬ ਨਹੀਂ ਕਰਨਾ ਚਾਹੁੰਦਾ। ਕੇਵਲ ਧੰਨਵਾਦ ਕਰ ਸਕਦਾ ਹਾਂ।"

**0 1 . 1** The professor got in his car and went slowly. ☐ **[1 mark]**

**0 1 . 2** The neighbour managed to meet the professor briefly in the morning. ☐ **[1 mark]**

**0 1 . 3** The neighbour decided to speak to the professor in the evening. ☐ **[1 mark]**

**0 1 . 4** The neighbour's milkman delivered milk late compared to the professor's milkman. ☐ **[1 mark]**

**0 1 . 5** The neighbour was desperate to get milk for his child. ☐ **[1 mark]**

Do not write outside the box

**0 1 . 6** The neighbour and the professor had an argument over the milk bottle. **[1 mark]**

**0 1 . 7** The neighbour paid the price of the milk bottle to the professor. **[1 mark]**

7

**Turn over for the next question**

Do not write outside the box

**0 2** **Future plans and ambitions**

Read Ravi’s blog about his future plans and ambitions.

ਮੈਂ ਆਪਣੇ ਪਿਤਾ ਜੀ ਦੀ ਤਰ੍ਹਾਂ ਕੋਈ ਕੰਮ ਸਿੱਖਣਾ ਚਾਹੁੰਦਾ ਹਾਂ। ਮੇਰੇ ਪਿਤਾ ਜੀ ਨੇ ਬਿਜਲੀ ਦਾ ਕੰਮ ਸਿੱਖਿਆ ਸੀ। ਉਹ ਆਪਣੇ ਕਾਰੋਬਾਰ ਦੇ ਮਾਲਕ ਹਨ। ਮੈਂ ਵੀ ਲੱਕੜੀ ਦਾ ਕੰਮ ਸਿੱਖਣਾ ਚਾਹੁੰਦਾ ਹਾਂ। ਮੈਂ ਰਸੋਈ ਵਿੱਚ ਭਾਂਡੇ ਰੱਖਣ ਵਾਲੀਆਂ ਅਲਮਾਰੀਆਂ ਬਣਾਉਣ ਵਾਲੀ ਫੈਕਟਰੀ ਵਿੱਚ ਕੰਮ ਕਰਦਾ ਹਾਂ। ਤਨਖਾਹ ਤਾਂ ਥੋੜ੍ਹੀ ਹੈ ਪਰ ਮੈਨੂੰ ਇਹ ਕੰਮ ਬਹੁਤ ਪਸੰਦ ਹੈ। ਇੱਕ ਦਿਨ ਮੈਂ ਵੀ ਆਪਣੇ ਪਿਤਾ ਜੀ ਵਾਂਗ ਆਪਣਾ ਕਾਰੋਬਾਰ ਖੋਲ੍ਹ ਲਵਾਂਗਾ।

Answer the questions in **English**.

**0 2 . 1** What does Ravi plan to do in his immediate future?

**[1 mark]**

______________________________________________________________

**0 2 . 2** What is Ravi’s ideal profession?

**[1 mark]**

______________________________________________________________

**0 2 . 3** What does Ravi’s current company produce?

**[1 mark]**

______________________________________________________________

**0 2 . 4** What is the disadvantage of Ravi’s job?

**[1 mark]**

______________________________________________________________

**0 2 . 5** What is Ravi’s long-term career goal?

**[1 mark]**

______________________________________________________________

5

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

**Turn over ▶**

Do not write outside the box

**0 3** **Student accommodation**

Read this article in an online forum about student accommodation.

| | |
|---|---|
| **Preet** | ਸਾਡਾ ਮਕਾਨ ਮਾਲਕ, ਘਰ ਵਿੱਚ ਖਰਾਬ ਹੋਈ ਚੀਜ਼ ਨੂੰ ਵੇਖਣ ਆਉਣ ਤੋਂ ਪਹਿਲਾਂ ਸਾਨੂੰ ਫੋਨ ਕਰਕੇ ਦੱਸਦਾ ਹੈ। |
| **Gurmukh** | ਸਾਡੇ ਘਰ ਦੀਆਂ ਖਿੜਕੀਆਂ ਟੁੱਟੀਆਂ ਹੋਈਆਂ ਹਨ ਅਤੇ ਕੰਧਾਂ ਤੇ ਕਾਲੇ ਧੱਬੇ ਪਏ ਹੋਏ ਹਨ। |
| **Angad** | ਕਮਰੇ ਦੀ ਬਹੁਤ ਸੰਭਾਲ ਕਰਨ ਤੇ ਵੀ ਸਾਡੇ ਮਕਾਨ ਮਾਲਕ ਨੇ ਸਾਡੇ ਪਹਿਲਾਂ ਜਮ੍ਹਾਂ ਕਰਵਾਏ ਹੋਏ ਪੈਸੇ ਵਾਪਸ ਨਹੀਂ ਕੀਤੇ। |
| **Eknoor** | ਅਸੀਂ ਪੜ੍ਹਨ ਲਈ ਡੈਸਕ ਅਤੇ ਬੈਠਣ ਲਈ ਕੁਰਸੀਆਂ ਵਾਸਤੇ ਕਿਹਾ ਸੀ ਅਤੇ ਸਾਨੂੰ ਝੱਟਪਟ ਲੋੜੀਂਦੀਆਂ ਚੀਜ਼ਾਂ ਮਿਲ ਗਈਆਂ। |
| **Harkiran** | ਸਾਡਾ ਮਕਾਨ ਮਾਲਕ ਜੇ ਕੋਈ ਵੀ ਚੀਜ਼ ਵਿਗੜ ਜਾਵੇ ਤਾਂ ਤੁਰੰਤ ਠੀਕ ਕਰਵਾ ਦਿੰਦਾ ਹੈ। |
| **Balbir** | ਸਾਡੇ ਘਰ ਵਿੱਚ ਚੂਹੇ ਇੱਧਰ ਉੱਧਰ ਦੌੜਦੇ ਦੇਖੇ ਗਏ ਹਨ ਅਤੇ ਮੱਖੀਆਂ ਵੀ ਉੱਡਦੀਆਂ ਦਿਖਾਈ ਦਿੰਦੀਆਂ ਹਨ। |
| **Kiara** | ਸਾਡਾ ਮਕਾਨ ਮਾਲਕ ਜੇਕਰ ਕਿਰਾਇਆ ਦੇਣ ਵਿੱਚ ਦੇਰੀ ਹੋ ਜਾਵੇ, ਤਾਂ ਦੋ ਮਹੀਨਿਆਂ ਦਾ ਕਿਰਾਇਆ ਇਕੱਠਾ ਵੀ ਲੈ ਲੈਂਦਾ ਹੈ। |

*Do not write outside the box*

Write **P** for Preet.
**G** for Gurmukh.
**A** for Angad.
**E** for Eknoor.
**H** for Harkiran.
**B** for Balbir.
**K** for Kiara.

Write the first letter of the correct name in each box.

**0 3 . 1** Who did **not** get their full deposit back? **[1 mark]**

**0 3 . 2** Who has problems with pests? **[1 mark]**

**0 3 . 3** Who gets appropriate visits from the landlord? **[1 mark]**

**0 3 . 4** Who got facilities for studying? **[1 mark]**

**0 3 . 5** Who lacks maintenance in the house? **[1 mark]**

5

**Turn over for the next question**

Do not write outside the box

**0 4** **Sports**

Read this article about sports in a Panjabi newspaper.

Write **A** if only statement **A** is correct.
**B** if only statement **B** is correct.
**A + B** if both statements **A** and **B** are correct.

ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਰਾਜ ਦੇ ਉੱਭਰਦੇ ਨੌਜਵਾਨ ਖਿਡਾਰੀਆਂ ਨੂੰ ਤਿਆਰ ਕਰਨ ਲਈ ਵੱਖ ਵੱਖ ਸਕੀਮਾਂ ਦੀ ਸਥਾਪਨਾ ਕੀਤੀ ਹੈ। ਇਸ ਵਿਭਾਗ ਨੇ ਗੁਣਵਾਨ ਖਿਡਾਰੀਆਂ ਨੂੰ ਮੁਫਤ ਸਿਖਲਾਈ, ਖੇਡਾਂ ਦਾ ਸਾਮਾਨ ਅਤੇ ਰੋਜ਼ਾਨਾ ਖੁਰਾਕ ਦੇਣ ਲਈ ਰਾਜ ਦੇ ਚੋਣਵੇਂ ਸਕੂਲਾਂ ਅਤੇ ਕਾਲਜਾਂ ਵਿੱਚ 'ਖੇਡ ਵਿੰਗਾਂ' ਦੀ ਸਥਾਪਨਾ ਕੀਤੀ ਹੈ। ਪੰਜਾਬ ਸਰਕਾਰ ਖੇਡਾਂ ਦੀ ਸਿਖਲਾਈ ਲਈ ਬਾਹਰਲੇ ਦੇਸ਼ਾਂ ਤੋਂ ਕੋਚ ਸੱਦਣ ਅਤੇ ਖੇਡਾਂ ਦੇ ਹੋਰ ਮਾਡਰਨ ਮੈਦਾਨ ਬਣਾਉਣ ਬਾਰੇ ਵੀ ਸੋਚ ਰਹੀ ਹੈ।

ਖੇਡ ਵਿਭਾਗ ਨੇ ਖਿਡਾਰੀਆਂ ਨੂੰ ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕਰਨ ਲਈ ਨਕਦ ਇਨਾਮ ਦੀ ਸਕੀਮ ਵੀ ਤਿਆਰ ਕੀਤੀ ਹੈ। ਇਹ ਵਿਭਾਗ ਰਾਜ ਦੇ ਮਸ਼ਹੂਰ ਖਿਡਾਰੀਆਂ ਨੂੰ ਰਾਜ ਦਾ ਸਭ ਤੋਂ ਉੱਚਾ ਖੇਡਾਂ ਦਾ ਇਨਾਮ 'ਮਹਾਰਾਜਾ ਰਣਜੀਤ ਸਿੰਘ ਪੁਰਸਕਾਰ' ਪ੍ਰਦਾਨ ਕਰੇਗਾ। ਪੰਜਾਬ ਸਰਕਾਰ ਖਿਡਾਰੀਆਂ ਨੂੰ ਸੱਟ ਲੱਗਣ ਜਾਂ ਅਪੰਗ ਹੋਣ ਦੀ ਹਾਲਤ ਵਿੱਚ ਨੌਕਰੀਆਂ ਦੇਣ ਦਾ ਪ੍ਰਬੰਧ ਵੀ ਕਰ ਰਹੀ ਹੈ।

**0 4 . 1**

| | |
|---|---|
| **A** | The programmes will prepare young sports people. |
| **B** | The programmes are for famous young sports people. |

**[1 mark]**

**0 4 . 2**

| | |
|---|---|
| **A** | Free training abroad will be available. |
| **B** | There will be free sports equipment. |

**[1 mark]**

**0 4 . 3**

| | |
|---|---|
| **A** | Talented people will have free daily diet. |
| **B** | Talented people will receive a free gym pass. |

**[1 mark]**

Do not write outside the box

0 4 . 4

| | |
|---|---|
| **A** | There will be a free voucher scheme. |
| **B** | Cash award scheme was created. |

**[1 mark]**

0 4 . 5

| | |
|---|---|
| **A** | The department will give the highest sport awards. |
| **B** | The government will offer jobs. |

**[1 mark]**

5

**Turn over for the next question**

*Do not write outside the box*

**0 5** **Panjabi parents**

Read an extract from a survey on Panjabi parents.

Complete the text using words in the list.

Write the correct letter in each box.

ਇੱਕ ਸਰਵੇ ਦੇ ਅਨੁਸਾਰ, ਪੰਜਾਬੀ ਮਾਪੇ ਆਪਣੇ ਬੱਚਿਆਂ ਤੋਂ ਕਾਫੀ ਉੱਚੀਆਂ [ ] ਰੱਖਦੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਚੰਗੀ [ ] ਪ੍ਰਾਪਤ ਕਰਕੇ ਡਾਕਟਰ ਜਾਂ ਵਿਗਿਆਨਕ ਬਣਨ। ਇਸ ਦੀਆਂ ਜੜ੍ਹਾਂ ਪੰਜਾਬੀ ਪਰਿਵਾਰਾਂ ਵਿੱਚ ਮਿਲਦੀਆਂ ਹਨ ਜਿੱਥੇ ਬਜ਼ੁਰਗਾਂ ਦੀ [ ] ਕਰਨ ਅਤੇ ਇੱਕ [ ] ਵਿਅਕਤੀ ਬਣਨ ਤੇ ਜ਼ੋਰ ਦਿੱਤਾ ਜਾਂਦਾ ਹੈ।

| | |
|---|---|
| **A** | ਇੱਜ਼ਤ |
| **B** | ਬੱਚਿਆਂ |
| **C** | ਉਮੀਦਾਂ |
| **D** | ਮਾਪਿਆਂ |
| **E** | ਆਦਰਯੋਗ |
| **F** | ਵੱਡਿਆਂ |
| **G** | ਰਿਸ਼ਤੇਦਾਰਾਂ |
| **H** | ਵਿੱਦਿਆ |

**[4 marks]**

**4**

Do not write outside the box

**0 6** **Panjabi community**

Read a report on the Panjabi community in a magazine.

ਇੱਕ ਰਿਪੋਰਟ ਦੇ ਅਨੁਸਾਰ, ਪੰਜਾਬੀ ਪਰਿਵਾਰਾਂ ਵਿੱਚ ਵਿਚੋਲੇ ਰਾਹੀਂ ਵਿਆਹ ਕਰਾਉਣ ਦਾ ਤਰੀਕਾ ਅਜੇ ਵੀ ਇੱਕ ਆਮ ਜਿਹੀ ਗੱਲ ਹੈ। ਵਿਆਹ ਕਰਾਉਣ ਦੇ ਇਸ ਢੰਗ ਵਿੱਚ ਮਾਪੇ ਜਾਂ ਪਰਿਵਾਰ ਦੇ ਮੈਂਬਰ, ਨੌਜਵਾਨਾਂ ਦੀ ਆਪਸ ਵਿੱਚ ਜਾਣ-ਪਛਾਣ ਕਰਵਾਉਂਦੇ ਹਨ। ਜਿਨ੍ਹਾਂ ਬਾਰੇ ਮਾਪੇ ਸੋਚਦੇ ਹਨ ਕਿ ਉਹ ਇੱਕ ਦੂਜੇ ਲਈ ਯੋਗ ਜੀਵਨ ਸਾਥੀ ਬਣ ਸਕਦੇ ਹਨ।

ਬਹੁਤ ਸਾਰੇ ਅਜਿਹੇ ਮਾਮਲਿਆਂ ਵਿੱਚ, ਇੱਕ ਵਾਰ ਜਾਣ-ਪਛਾਣ ਹੋ ਜਾਣ ਤੋਂ ਬਾਅਦ, ਇਹ ਉਨ੍ਹਾਂ ਨੌਜਵਾਨਾਂ ਤੇ ਨਿਰਭਰ ਕਰਦਾ ਹੈ ਕਿ ਉਹ ਇੱਕ ਦੂਜੇ ਨੂੰ ਮਿਲਣਾ ਜਾਰੀ ਰੱਖਣਾ ਚਾਹੁੰਦੇ ਹਨ ਜਾਂ ਨਹੀਂ। ਕਈ ਵਾਰੀ ਅਜਿਹੇ ਨੌਜਵਾਨ ਆਪਸ ਵਿੱਚ ਵਿਆਹ ਕਰਾਉਣ ਲਈ ਸਹਿਮਤ ਵੀ ਹੋ ਜਾਂਦੇ ਹਨ।

Answer the questions in **English**.

**0 6 . 1** According to the report, what is common in the Panjabi culture?

**[1 mark]**

______________________________________________________________

______________________________________________________________

**0 6 . 2** Who plays the crucial role? Give **one** detail.

**[1 mark]**

______________________________________________________________

______________________________________________________________

**0 6 . 3** Which decision is left entirely to the young people?

**[1 mark]**

______________________________________________________________

______________________________________________________________

3

**Turn over ▶**

Do not write outside the box

**0 7** **Mobile technology**

Read this Panjabi school homework on mobile technology.

**Nimrat**

ਮੋਬਾਇਲ ਫੋਨ ਨਾਲ ਚੀਜ਼ਾਂ ਖਰੀਦੀਆਂ ਅਤੇ ਦੁਕਾਨਾਂ ਨੂੰ ਔਨਲਾਈਨ ਪੈਸੇ ਦਿੱਤੇ ਜਾ ਸਕਦੇ ਹਨ।
ਮੋਬਾਇਲ ਫੋਨ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਹੈ, ਨਹੀਂ ਤਾਂ ਪੈਸੇ ਚੋਰੀ ਹੋ ਸਕਦੇ ਹਨ।

**Amar**

ਮੋਬਾਇਲ ਟੈਕਨੌਲੋਜੀ ਦੀ ਵਰਤੋਂ ਕਰਕੇ ਲੋਕ ਕਿਤੇ ਵੀ ਅਤੇ ਕਿਸੇ ਵੀ ਸਮੇਂ ਕੰਮ ਕਰ ਸਕਦੇ ਹਨ। ਨਵੀਂ ਟੈਕਨੌਲੋਜੀ ਵਾਲੇ ਯੰਤਰ ਮਹਿੰਗੇ ਹਨ ਇਸ ਲਈ ਉਨ੍ਹਾਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ।

For each teenager, write **one** advantage and **one** disadvantage of mobile technology.

Complete the tables in **English**.

**0 7 . 1** Nimrat

| Advantage | Disadvantage |
|---|---|
| | |

**[2 marks]**

**0 7 . 2** Amar

| Advantage | Disadvantage |
|---|---|
| | |

**[2 marks]**

4

Do not write outside the box

**Turn over for Section B**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

**Section B**

Questions and answers in **Panjabi**

Answer **all** questions in the spaces provided.

**0 8** **ਉੱਡਦਾ ਵੇ ਜਾਵੀਂ ਕਾਂਵਾਂ**

ਹੇਠ ਲਿਖੇ ਪੰਜਾਬੀ ਲੋਕ ਗੀਤ ਨੂੰ ਪੜ੍ਹੋ ।

ਉੱਡਦਾ ਵੇ ਜਾਵੀਂ ਕਾਂਵਾਂ
ਬਹਿੰਦਾ ਜਾਵੀਂ ਵੇ,
ਬਹਿੰਦਾ ਤੇ ਜਾਵੀਂ ਮੇਰੇ ਮਾਪਿਆਂ ਦੇ ਘਰ ।
ਇੱਕ ਨਾ ਦੱਸੀਂ ਮੇਰੀ ਮਾਂ ਰਾਣੀ ਨੂੰ,
ਉਹ ਰੋਵੇਗੀ ਮੇਰੀਆਂ ਗੁੱਡੀਆਂ ਫੋਲ ਕੇ ।
ਇੱਕ ਨਾ ਦੱਸੀਂ ਮੇਰੇ ਬਾਪ ਰਾਜੇ ਨੂੰ,
ਉਹ ਰੋਵੇਗਾ ਭਰੀ ਕਚਹਿਰੀ ਛੱਡ ਕੇ ।

ਇੱਕ ਨਾ ਦੱਸੀਂ ਮੇਰੀ ਮਿੱਠੀ ਭੈਣ ਨੂੰ,
ਉਹ ਰੋਵੇਗੀ ਪੜ੍ਹਾਈ ਛੱਡ ਕੇ ।

ਇੱਕ ਨਾ ਦੱਸੀਂ ਮੇਰੀ ਭਾਬੀ ਰਾਣੀ ਨੂੰ,
ਉਹ ਹੱਸੇਗੀ ਮਾਂ ਪਿਉ ਦੇ ਘਰ ਜਾ ਕੇ ।

ਦੱਸੀਂ ਵੇ ਕਾਂਵਾਂ ਦੱਸੀਂ ਵੀਰ ਮੇਰੇ ਨੂੰ,
ਉਹ ਆਵੇਗਾ ਨੀਲੇ ਘੋੜੇ ਤੇ ਚੜ੍ਹ ਕੇ ।

ਉੱਡਦਾ ਵੇ ਜਾਵੀਂ ਕਾਂਵਾਂ,
ਬਹਿੰਦਾ ਜਾਵੀਂ ਵੇ,
ਬਹਿੰਦਾ ਤੇ ਜਾਵੀਂ ਮੇਰੇ ਮਾਪਿਆਂ ਦੇ ਘਰ ।


G/Jun25/8683/RH

*Do not write outside the box*

**ਸਹੀ** ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**0 8 . 1** ਕੁੜੀ ਦੀ ਮਾਂ ਨੂੰ ਕਿਹੜੀ ਚੀਜ਼ ਦੇਖ ਕੇ ਦੁੱਖ ਹੋਵੇਗਾ ?

| | |
|---|---|
| **A** | ਕੱਪੜੇ |
| **B** | ਖਿਡੌਣੇ |
| **C** | ਤਸਵੀਰਾਂ |

☐

**[1 mark]**

**0 8 . 2** ਕੁੜੀ ਆਪਣੀ ਭੈਣ ਨੂੰ ਸੁਨੇਹਾ ਕਿਉਂ **ਨਹੀਂ** ਦੇਣਾ ਚਾਹੁੰਦੀ ?

| | |
|---|---|
| **A** | ਉਹ ਖੇਡਣਾ ਛੱਡ ਦੇਵੇਗੀ । |
| **B** | ਉਹ ਹੱਸਣਾ ਛੱਡ ਦੇਵੇਗੀ । |
| **C** | ਉਹ ਪੜ੍ਹਨਾ ਛੱਡ ਦੇਵੇਗੀ । |

☐

**[1 mark]**

**0 8 . 3** ਕੁੜੀ ਦੀ ਭਰਜਾਈ ਕਿੱਥੇ ਜਾ ਕੇ ਹੱਸੇਗੀ ?

| | |
|---|---|
| **A** | ਮਾਪਿਆਂ ਦੇ ਘਰ |
| **B** | ਸਹੁਰਿਆਂ ਦੇ ਘਰ |
| **C** | ਗੁਆਂਢੀਆਂ ਦੇ ਘਰ |

☐

**[1 mark]**

**0 8 . 4** ਕੁੜੀ ਦਾ ਭਰਾ ਉਸ ਦੇ ਘਰ ਕਿਵੇਂ ਆਵੇਗਾ ?

| | |
|---|---|
| **A** | ਗੱਡੀ ਤੇ ਚੜ੍ਹ ਕੇ |
| **B** | ਜਹਾਜ਼ ਤੇ ਚੜ੍ਹ ਕੇ |
| **C** | ਜਾਨਵਰ ਤੇ ਚੜ੍ਹ ਕੇ |

☐

**[1 mark]**

4

**Turn over ▶**

*Do not write outside the box*

**0 9** **ਚੈਰਿਟੀ**

ਦੋ ਵਿਦਿਆਰਥੀਆਂ ਦਾ ਚੈਰਿਟੀ ਕਰਨ ਬਾਰੇ ਬਲੌਗ ਪੜ੍ਹੋ ।

| | |
|---|---|
| **ਹਰਲੀਨ** | ਮੈਂ ਆਪਣੇ ਜੇਬ ਖਰਚ ਵਿੱਚੋਂ ਗਰੀਬ ਬੱਚਿਆਂ ਲਈ ਪੈਸੇ ਭੇਜਦਾ ਹਾਂ। ਪਹਿਲਾਂ ਮੈਂ ਬਜ਼ੁਰਗਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਦਾ ਸੀ। ਮੈਂ ਬਜ਼ੁਰਗਾਂ ਵਾਸਤੇ ਕਿਤਾਬਾਂ ਤੇ ਮੈਗਜ਼ੀਨ ਇਕੱਠੇ ਕਰਾਂਗਾ। |
| **ਦਲਬੀਰ** | ਪਹਿਲਾਂ, ਮੈਂ ਬੇਘਰੇ ਲੋਕਾਂ ਨੂੰ ਖਾਣਾ ਦੇਣ ਜਾਂਦਾ ਸੀ। ਹੁਣ ਮੈਂ ਚੈਰਿਟੀ ਲਈ ਪੁਰਾਣੇ ਕੱਪੜੇ ਇਕੱਠੇ ਕਰਦਾ ਹਾਂ। ਮੈਂ ਸਕੂਲ ਵਿੱਚ ਪੈਸੇ ਇਕੱਠੇ ਕਰਨ ਲਈ ਸਮੋਸੇ ਵੇਚਾਂਗਾ। |

ਬੀਤੇ ਸਮੇਂ ਵਿੱਚ ਕਿਹੜੀਆਂ **ਦੋ** ਕਿਰਿਆਵਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ **ਦੋ** ਕਿਰਿਆਵਾਂ ਹੋਣਗੀਆਂ ?

**ਪੰਜਾਬੀ** ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ ।

| | ਪੁਰਾਣੇ ਸਮੇਂ ਵਿੱਚ | ਹੁਣ ਦੇ ਸਮੇਂ ਵਿੱਚ | ਆਉਣ ਵਾਲੇ ਸਮੇਂ ਵਿੱਚ |
|---|---|---|---|
| **ਹਰਲੀਨ** | | ਗਰੀਬ ਬੱਚਿਆਂ ਲਈ ਪੈਸੇ ਭੇਜਦਾ ਹੈ। | |
| **ਦਲਬੀਰ** | | ਚੈਰਿਟੀ ਲਈ ਪੁਰਾਣੇ ਕੱਪੜੇ ਇਕੱਠੇ ਕਰਦਾ ਹੈ। | |

**[4 marks]**

4

Do not write outside the box

**1 0** **ਸਕੂਲ ਦੀ ਜ਼ਿੰਦਗੀ**

ਤੁਸੀਂ ਆਪਣੇ ਮਾਮੇ ਦੇ ਮੁੰਡੇ ਦਾ ਉਸ ਦੀ ਸਕੂਲ ਦੀ ਜ਼ਿੰਦਗੀ ਬਾਰੇ ਬਲੌਗ ਪੜ੍ਹਦੇ ਹੋ।

ਮੈਂ ਇੱਕ ਪ੍ਰਾਈਵੇਟ ਹਾਈ ਸਕੂਲ ਵਿੱਚ ਪੜ੍ਹਦਾ ਹਾਂ। ਮੇਰੇ ਸਕੂਲ ਦੇ ਨਿਯਮ ਬਹੁਤ ਸਖਤ ਹਨ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕਰਦੇ ਹਨ। ਵਿਦਿਆਰਥੀ ਸਕੂਲ ਵਿੱਚ ਅੰਗਰੇਜ਼ੀ ਜਾਂ ਹਿੰਦੀ ਵਿੱਚ ਤਾਂ ਗੱਲ ਕਰ ਸਕਦੇ ਹਨ ਪਰ ਜੇ ਕੋਈ ਪੰਜਾਬੀ ਵਿੱਚ ਗੱਲ ਕਰੇ ਤਾਂ ਉਸ ਨੂੰ ਜੁਰਮਾਨਾ ਹੁੰਦਾ ਹੈ।

ਮੇਰੇ ਸਕੂਲ ਵਿੱਚ ਦਾਖਲੇ ਲਈ ਮੋਟੀ ਰਕਮ ਦੇ ਨਾਲ ਨਾਲ ਹਰ ਸਾਲ ਭਾਰੀ ਫੀਸ ਵੀ ਭਰਨੀ ਪੈਂਦੀ ਹੈ। ਸਾਡੇ ਸਕੂਲ ਦੀਆਂ ਕਿਤਾਬਾਂ ਸਾਡੇ ਸਕੂਲ ਵੱਲੋਂ ਦੱਸੀਆਂ ਹੋਈਆਂ ਦੁਕਾਨਾਂ ਤੋਂ ਹੀ ਮਿਲਦੀਆਂ ਹਨ। ਮੇਰੇ ਸਕੂਲ ਵਿੱਚ ਸਾਰੇ ਵਿਦਿਆਰਥੀਆਂ ਨੂੰ ਵਰਦੀ ਪਾ ਕੇ ਆਉਣਾ ਜ਼ਰੂਰੀ ਹੈ ਨਹੀਂ ਤਾਂ ਜੁਰਮਾਨਾ ਦੇਣਾ ਪੈਂਦਾ ਹੈ।

ਕਿਹੜੇ **ਚਾਰ** ਵਾਕ ਠੀਕ ਹਨ ?

| | |
|---|---|
| **A** | ਉਹ ਇੱਕ ਸਰਕਾਰੀ ਹਾਈ ਸਕੂਲ ਵਿੱਚ ਪੜ੍ਹਦਾ ਹੈ। |
| **B** | ਨਿਯਮ ਤੋੜਨ ਵਾਲੇ ਵਿਦਿਆਰਥੀ ਨੂੰ ਸਜ਼ਾ ਮਿਲਦੀ ਹੈ। |
| **C** | ਸਕੂਲ ਵਿੱਚ ਵਿਦਿਆਰਥੀ ਚਾਰ ਭਾਸ਼ਾਵਾਂ ਬੋਲ ਸਕਦੇ ਹਨ। |
| **D** | ਸਕੂਲ ਵਿੱਚ ਪੰਜਾਬੀ ਬੋਲਣਾ ਮਨ੍ਹਾ ਹੈ। |
| **E** | ਸਕੂਲ ਵਿੱਚ ਦਾਖਲ ਹੋਣ ਲਈ ਕੋਈ ਫੀਸ ਨਹੀਂ ਹੈ। |
| **F** | ਸਕੂਲ ਵਿੱਚ ਪੜ੍ਹਨ ਲਈ ਫੀਸ ਬਹੁਤ ਜ਼ਿਆਦਾ ਹੈ। |
| **G** | ਵਿਦਿਆਰਥੀ ਸਕੂਲ ਲਈ ਕਿਤਾਬਾਂ ਜਿੱਥੋਂ ਮਰਜ਼ੀ ਖਰੀਦ ਸਕਦੇ ਹਨ। |
| **H** | ਸਕੂਲ ਵਿੱਚ ਵਰਦੀ ਪਾ ਕੇ ਆਉਣਾ ਜ਼ਰੂਰੀ ਹੈ। |

**ਠੀਕ** ਵਾਕ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

☐ ☐ ☐ ☐

**[4 marks]**

4

**Turn over ▶**

Do not write outside the box

## 1 1 ਯੂਕੇ ਦੇ ਪੰਜਾਬੀ ਲੋਕਾਂ ਦੀਆਂ ਛੁੱਟੀਆਂ

ਪੰਜਾਬੀ ਅਖਬਾਰ ਵਿੱਚੋਂ ਯੂਕੇ ਦੇ ਪੰਜਾਬੀ ਲੋਕਾਂ ਦੀਆਂ ਛੁੱਟੀਆਂ ਬਾਰੇ ਇੱਕ ਰਿਪੋਰਟ ਪੜ੍ਹੋ ।

ਇੱਕ ਰਿਪੋਰਟ ਅਨੁਸਾਰ ਹੁਣ ਬਹੁਤੇ ਪੰਜਾਬੀ ਲੋਕ ਛੁੱਟੀਆਂ ਕੱਟਣ ਲਈ ਪੰਜਾਬ ਨਹੀਂ ਜਾਣਾ ਚਾਹੁੰਦੇ । ਇਸ ਦਾ ਮੁੱਖ ਕਾਰਨ ਹੈ ਕਿ ਉਨ੍ਹਾਂ ਦੇ ਜ਼ਿਆਦਾਤਰ ਪਰਿਵਾਰ ਦੇ ਮੈਂਬਰ ਵਿਦੇਸ਼ਾਂ ਵਿੱਚ ਜਾ ਵਸੇ ਹਨ । ਛੁੱਟੀਆਂ ਤੇ ਜਾਣ ਲਈ ਯੂਰਪ ਪੰਜਾਬੀਆਂ ਦੀ ਪਹਿਲੀ ਪਸੰਦ ਹੈ ਕਿਉਂਕਿ ਉੱਥੇ ਪੰਜਾਬੀ ਧੁੱਪ ਦਾ ਆਨੰਦ ਮਾਣ ਸਕਦੇ ਹਨ । ਉਨ੍ਹਾਂ ਦੀ ਦੂਜੀ ਪਸੰਦ ਦੁਬਈ ਹੈ ਕਿਉਂਕਿ ਉੱਥੇ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖਲੀਫਾ ਹੈ ਪਰ ਵਧੇਰੇ ਪੰਜਾਬੀ ਉੱਥੇ ਸਿਰਫ ਸੋਨੇ ਦੇ ਸਸਤੇ ਜ਼ੇਵਰਾਂ ਕਰਕੇ ਹੀ ਜਾਂਦੇ ਹਨ ।

ਮਲੇਸ਼ੀਆ, ਹਰੇ ਭਰੇ ਬਰਸਾਤੀ ਜੰਗਲਾਂ ਅਤੇ ਅਮੀਰ ਸਭਿਆਚਾਰਕ ਵਿਰਸੇ ਕਰਕੇ ਮਸ਼ਹੂਰ ਹੈ ਪਰ ਪੰਜਾਬੀਆਂ ਨੂੰ ਇੱਥੋਂ ਦਾ ਖਾਣਾ ਬਹੁਤ ਮਜ਼ੇਦਾਰ ਲਗਦਾ ਹੈ । ਥਾਈਲੈਂਡ ਪ੍ਰਾਚੀਨ ਮੰਦਰਾਂ ਅਤੇ ਸੁਆਦੀ ਭੋਜਨ ਕਰਕੇ ਪ੍ਰਸਿੱਧ ਹੈ ਪਰ ਨੌਜਵਾਨ ਪੰਜਾਬੀਆਂ ਨੂੰ ਇੱਥੋਂ ਦੀ ਸਾਰੀ ਰਾਤ ਕਲੱਬਾਂ ਵਿੱਚ ਨੱਚਣ ਗਾਉਣ ਵਾਲੀ ਰੰਗੀਨ ਜ਼ਿੰਦਗੀ ਬਹੁਤ ਖਿੱਚਦੀ ਹੈ । ਕੁਝ ਪੰਜਾਬੀ ਨੌਜਵਾਨ ਛੁੱਟੀਆਂ ਲਈ ਜਾਪਾਨ ਨਹੀਂ ਜਾਣਾ ਚਾਹੁੰਦੇ ਕਿਉਂਕਿ ਕੁਝ ਥਾਂਵਾਂ ਤੇ ਰਾਤ ਦਾ ਮਨੋਰੰਜਨ ਇੰਨਾਂ ਵਧੀਆ ਨਹੀਂ ਹੈ । ਜ਼ਮੀਨ ਤੇ ਬੈਠਣ ਵਾਲੀਆਂ ਟੌਇਲਟਾਂ ਤੇ ਉਨ੍ਹਾਂ ਨੂੰ ਪੈਰਾਂ ਭਾਰ ਬੈਠਣਾ ਕਠਿਨ ਲਗਦਾ ਹੈ ।

**ਸਹੀ** ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**1 1 . 1** ਹੁਣ ਪੰਜਾਬੀ, ਛੁੱਟੀਆਂ ਤੇ ਜਾਣ ਲਈ ਪੰਜਾਬ ਵਿੱਚ ਦਿਲਚਸਪੀ ਕਿਉਂ **ਨਹੀਂ** ਲੈਂਦੇ ?

| | |
|---|---|
| **A** | ਪੰਜਾਬ ਜਾਣ ਲਈ ਮਹਿੰਗੇ ਹਵਾਈ ਟਿਕਟ |
| **B** | ਪੰਜਾਬ ਵਿੱਚ ਬਹੁਤ ਮੱਖੀਆਂ ਤੇ ਮੱਛਰ ਕਰਕੇ |
| **C** | ਪੰਜਾਬ ਵਿੱਚ ਪਰਿਵਾਰ ਦੇ ਮੈਂਬਰ ਨਾ ਹੋਣਾ |

**[1 mark]**

**1 1 . 2** ਬਹੁਤੇ ਪੰਜਾਬੀਆਂ ਦਾ ਛੁੱਟੀਆਂ ਲਈ ਯੂਰਪ ਜਾਣ ਦਾ ਕੀ ਕਾਰਨ ਹੈ ?

| | |
|---|---|
| **A** | ਸੁਹਣੇ ਸਮੁੰਦਰੀ ਕੰਢੇ |
| **B** | ਸੂਰਜ ਦੀ ਗਰਮੀ ਦਾ ਮਜ਼ਾ |
| **C** | ਮਿਲਣਸਾਰ ਯੂਰਪੀਨ ਲੋਕ |

**[1 mark]**

Do not write outside the box

**1 1 . 3** ਜ਼ਿਆਦਾ ਪੰਜਾਬੀ ਲੋਕ ਛੁੱਟੀਆਂ ਮਨਾਉਣ ਲਈ ਦੁਬਈ ਕਿਉਂ ਜਾਂਦੇ ਹਨ ?

| | |
|---|---|
| **A** | ਘਟ ਕੀਮਤ ਤੇ ਗਹਿਣੇ ਲੈਣ ਲਈ |
| **B** | ਸੁਆਦਲੇ ਖਾਣੇ ਦੇ ਮਜ਼ੇ ਲਈ |
| **C** | ਸਭ ਤੋਂ ਉੱਚੀ ਇਮਾਰਤ ਦੇਖਣ ਲਈ |

**[1 mark]**

**1 1 . 4** ਪੰਜਾਬੀਆਂ ਲਈ ਮਲੇਸ਼ੀਆਂ ਕਿਉਂ ਖਿੱਚ ਦਾ ਕੇਂਦਰ ਹੈ ?

| | |
|---|---|
| **A** | ਮੀਂਹ ਦੇ ਜੰਗਲਾਂ ਕਰਕੇ |
| **B** | ਅਮੀਰ ਵਿਰਸੇ ਕਰਕੇ |
| **C** | ਸੁਆਦੀ ਖਾਣੇ ਕਰਕੇ |

**[1 mark]**

**1 1 . 5** ਪੰਜਾਬੀ ਨੌਜਵਾਨਾਂ ਨੂੰ ਥਾਈਲੈਂਡ ਵਿੱਚ ਕੀ ਜ਼ਿਆਦਾ ਪਸੰਦ ਹੈ ?

| | |
|---|---|
| **A** | ਪੁਰਾਣੇ ਮੰਦਰ |
| **B** | ਰਾਤ ਦੀ ਜ਼ਿੰਦਗੀ |
| **C** | ਸੁਆਦਲੇ ਖਾਣੇ |

**[1 mark]**

**1 1 . 6** ਕੁਝ ਪੰਜਾਬੀ ਲੋਕ ਛੁੱਟੀਆਂ ਲਈ ਜਾਪਾਨ ਕਿਉਂ **ਨਹੀਂ** ਜਾਣਾ ਚਾਹੁੰਦੇ ?

| | |
|---|---|
| **A** | ਆਰਾਮਦਾਇਕ ਟੌਇਲਟਾਂ ਨਾ ਹੋਣ ਕਰਕੇ |
| **B** | ਮੋਬਾਇਲ ਫੋਨ ਟੌਇਲਟ ਵਿੱਚ ਡਿਗਣ ਦੇ ਡਰ ਕਰਕੇ |
| **C** | ਬਹੁਤੀਆਂ ਥਾਂਵਾਂ ਤੇ ਮਨੋਰੰਜਨ ਚੰਗਾ ਨਾ ਹੋਣ ਕਰਕੇ |

**[1 mark]**

6

**Turn over for Section C**

Do not write outside the box

## Section C

Translation into **English**

**1 2** Your cousin has sent you an email about her future job. Translate the message into **English**.

ਮੈਂ ਵੱਡੀ ਹੋ ਕੇ ਇੱਕ ਡਾਕਟਰ ਬਣਨਾ ਚਾਹੁੰਦੀ ਹਾਂ। ਪਰ ਮੈਂ ਪੜ੍ਹਾਈ ਖਤਮ ਕਰਨ ਤੋਂ ਬਾਅਦ ਇਸ ਦੇਸ਼ ਵਿੱਚ ਕੰਮ ਨਹੀਂ ਕਰਾਂਗੀ। ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਪਾਰਟ-ਟਾਈਮ ਇੱਕ ਦਵਾਈਆਂ ਦੀ ਦੁਕਾਨ ਤੇ ਕੰਮ ਕੀਤਾ ਸੀ। ਇੱਥੇ ਨਵੇਂ ਡਾਕਟਰਾਂ ਨੂੰ ਲੰਬੇ ਘੰਟੇ ਕੰਮ ਕਰਨਾ ਪੈਂਦਾ ਹੈ ਅਤੇ ਤਨਖਾਹ ਵੀ ਥੋੜ੍ਹੀ ਮਿਲਦੀ ਹੈ।

**[9 marks]**

9

**END OF QUESTIONS**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | **Additional page, if required.<br>Write the question numbers in the left-hand margin.** |
|---|---|
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required.<br>Write the question numbers in the left-hand margin.** |
| --- | --- |
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2025 AQA and its licensors. All rights reserved.